# ਇਸ਼ਤਿਹਾਰਬਾਜ਼ੀ ਵਿੱਚ ਕਰਨ ਵਾਲੀਆਂ ਅਤੇ ਨਾ ਕਰਨ ਵਾਲੀਆਂ ਗੱਲਾਂ

## ਕਰਨ ਵਾਲੀਆਂ

- ਬਰੀਕ ਲਿਖਤ ਵਿਚ ਅਸਵੀਕਾਰਾਂ (ਡਿਸਕਲੇਮਰਜ਼) ਦੀ ਵਰਤੋਂ ਨਾ ਕਰੋ; ਇਹ ਅਕਸਰ ਇਸ਼ਤਿਹਾਰ ਤੋਂ ਮਿਲੇ ਆਮ ਪ੍ਰਭਾਵ ਨੂੰ ਬਦਲਣ ਵਿਚ ਨਾਕਾਮਯਾਬ ਰਹਿੰਦੇ ਹਨ। ਜੇ ਤੁਸੀਂ ਅਸਵੀਕਾਰਾਂ ਦੀ ਵਰਤੋਂ ਕਰਦੇ ਹੀ ਹੋ, ਇਸ ਗੱਲ ਨੂੰ ਯਕੀਨੀ ਬਣਾਓ ਕਿ ਐਡ ਅਤੇ ਸਵੀਕਾਰ (ਡਿਕਲੇਮਰ) ਵਲੋਂ ਪੈਦਾ ਕੀਤੇ ਸਮੁੱਚੇ ਪ੍ਰਭਾਵ ਵਿਚ ਕਿਸੇ ਕਿਸਮ ਦਾ ਭੁਲੇਖਾ ਨਾ ਹੋਵੇ।
- ਇਸ਼ਤਿਹਾਰ ਵਿਚਲੀ ਸਾਰੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਅਤੇ ਸਾਫ ਸਾਫ ਦੱਸੋ।
- ਇਸ਼ਤਿਹਾਰ ਵਿਚ ਉਹ ਸ਼ਬਦ ਜਾਂ ਵਾਕ-ਅੰਸ਼ ਨਾ ਵਰਤੋ ਜਿਹੜੇ ਕਿ ਆਮ ਵਿਅਕਤੀ ਨੂੰ ਸਮਝ ਨਾ ਆਉਣ ਤੇ ਅਰਥ ਭਰਪੂਰ ਨਾ ਹੋਣ।
- ਕਿਸੇ ਵਸਤ ਬਾਰੇ ਦਸੀਆਂ ਗਈਆਂ ਦੋ ਜਾਂ ਵੱਧ ਕੀਮਤਾਂ ਵਿੱਚੋਂ ਘੱਟ ਤੋਂ ਘੱਟ ਕੀਮਤ ਲਾਉ।
- ਇਸ ਗੱਲ ਨੂੰ ਯਕੀਨੀ ਬਣਾਓ ਕਿ ਜਿਹੜੀ ਵਸਤ ਤੁਸੀਂ ਸਸਤੀ ਕੀਮਤ ਤੇ ਵੇਚਣ ਦਾ ਇਸ਼ਤਿਹਾਰ ਦੇ ਰਹੇ ਹੋ ਉਹ ਤੁਹਾਡੇ ਕੋਲ ਕਾਫੀ ਮਾਤਰਾ ਵਿਚ ਹੋਵੇ।
- ਜਦੋਂ ਕੋਈ ਮੁਕਾਬਲਾ ਕਰਵਾ ਰਹੇ ਹੋਵੋ ਤਾਂ, ਇਸ ਤੋਂ ਪਹਿਲਾਂ ਕਿ ਹਿੱਸਾ ਲੈਣ ਵਾਲੇ ਸ਼ਾਮਲ ਹੋਣ, *ਕੰਪੀਟੀਸ਼ਨ ਐਕਟ* ਵਲੋਂ ਵਸਤ ਬਾਰੇ ਲੋੜੀਂਦੀ ਸਾਰੀ ਜਾਣਕਾਰੀ ਵਿਸਥਾਰ ਵਿਚ ਦਰਸਾਓ।
- ਇਸ ਗੱਲ ਨੂੰ ਯਕੀਨੀ ਬਣਾਓ ਕਿ ਤੁਹਾਡਾ ਵਿਕਰੀ ਕਰਨ ਵਾਲਾ ਅਮਲਾ (ਸਟਾਫ) ਇਨ੍ਹਾਂ ਕਰਨ ਵਾਲੀਆਂ ਅਤੇ ਨਾ ਕਰਨ ਵਾਲੀਆਂ ਸਾਰੀਆਂ ਗੱਲਾਂ ਤੋਂ ਵਾਕਿਫ ਹੋਵੇ। ਕਰਮਚਾਰੀਆਂ ਵਲੋਂ ਪੇਸ਼ ਕੀਤੀਆਂ ਗੱਲਾਂ ਲਈ ਇਸ਼ਤਿਹਾਰ ਦੇਣ ਵਾਲਾ ਜਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

## ਨਾ ਕਰਨ ਵਾਲੀਆਂ

- 'ਵਸਤ ਬਣਾਉਣ ਵਾਲੇ ਵਲੋਂ ਸੁਝਾਈ ਸੂਚੀ ਦੀ ਕੀਮਤ' ਜਾਂ ਇਹੋ ਜਿਹੇ ਕਿਸੇ ਹੋਰ ਨਾਮ ਨਾਲ 'ਆਮ ਕੀਮਤ' (ਰੈਗੂਲਰ ਜਾਂ ਆਰਡੀਨਰੀ ਪ੍ਰਾਈਸ) ਨੂੰ ਰਲਗੱਡ ਨਾ ਕਰੋ ਕਿਉਂਕਿ ਉਹ ਬਹੁਤੀ ਵਾਰੀ ਇਕੋ ਜਿਹੀਆਂ ਨਹੀਂ ਹੁੰਦੀਆਂ।
- ਕਿਸੇ ਇਸ਼ਤਿਹਾਰ ਵਿਚ 'ਰੈਗੂਲਰ ਪ੍ਰਾਈਸ' ਜਾਂ 'ਆਰਡੀਨਰੀ ਪ੍ਰਾਈਸ' ਦੀ ਵਰਤੋ ਨਾ ਕਰੋ ਜੇ ਉਹ ਵਸਤ ਪੂਰੀ ਇਮਾਨਦਾਰੀ ਨਾਲ ਲੰਮੇ ਸਮੇਂ ਵਾਸਤੇ ਵਿਕਰੀ ਲਈ ਉਸ ਕੀਮਤ ਤੇ ਨਾ ਲਾਈ ਗਈ ਹੋਵੇ, ਜਾਂ ਉਸ ਵਸਤ ਦੀ ਕਾਫੀ ਮਾਤਰਾ ਵਿਚ ਪਹਿਲਾਂ ਹੀ ਉਸ ਕੀਮਤ 'ਤੇ ਵਿਕਰੀ ਨਾ ਹੋ ਚੁੱਕੀ ਹੋਵੇ।
- ਕਿਸੇ ਵਸਤ ਵਾਸਤੇ 'ਸੇਲ' ਜਾਂ 'ਸਪੈਸ਼ਲ' ਸ਼ਬਦਾਂ ਦੀ ਉਨਾਂ ਚਿਰ ਵਰਤੋਂ ਨਾ ਕਰੋ ਜਿਨਾਂ ਚਿਰ ਕੀਮਤ ਵਿਚ ਮਹੱਤਵਪੂਰਨ ਘਾਟਾ ਨਾ ਕੀਤਾ ਗਿਆ ਹੋਵੇ।
- ਕਿਸੇ 'ਸੇਲ' ਨੂੰ ਲੰਮੇ ਸਮੇਂ ਵਾਸਤੇ ਨਾ ਚਲਾਓ ਅਤੇ ਨਾ ਹੀ ਇਸ ਨੂੰ ਹਰ ਹਫਤੇ ਦੁਹਰਾਓ।
- ਮੁਫਤ ਦਿੱਤੀ ਜਾ ਰਹੀ ਕਿਸੇ ਵਸਤ ਜਾਂ ਸੇਵਾ ਦੀ ਕੀਮਤ ਕੱਢਣ ਲਈ ਵਸਤ ਜਾਂ ਸੇਵਾ ਦੀ ਕੀਮਤ ਵਿਚ ਵਾਧਾ ਨਾ ਕਰੋ।
- ਉਹ ਤਸਵੀਰਾਂ ਨਾ ਵਰਤੋ ਜਿਹੜੀਆਂ ਵੇਚੀ ਜਾ ਰਹੀ ਵਸਤ ਤੋਂ ਵੱਖਰੀਆਂ ਹੋਣ।
- ਵਸਤ ਦੀ ਕਾਰਗੁਜ਼ਾਰੀ ਦੇ ਉਹ ਵਾਇਦੇ ਨਾ ਕਰੋ ਜੋ ਤੁਸੀਂ ਸਾਬਤ ਨਾ ਕਰ ਸਕੋ, ਭਾਵੇਂ ਤੁਹਾਡੇ ਖਿਆਲ ਵਿਚ ਉਹ ਠੀਕ ਹੀ ਹੋਣ। ਦੂਜਿਆਂ ਦੀਆਂ ਗਵਾਹੀਆਂ ਅਕਸਰ ਕਾਫੀ ਸਬੂਤ ਨਹੀਂ ਬਣਦੀਆਂ।
- ਕਿਸੇ ਵਸਤ ਨੂੰ ਇਸ਼ਤਿਹਾਰ ਵਿਚ ਦਿੱਤੀ ਕੀਮਤ ਤੋਂ ਵੱਧ 'ਤੇ ਨਾ ਵੇਚੋ।
- ਜਦੋਂ ਕੋਈ ਮੁਕਾਬਲਾ ਕਰਵਾ ਰਹੇ ਹੋਵੋ ਤਾਂ ਇਨਾਮਾਂ ਦੀ ਵੰਡ ਕਰਨ ਵਿਚ ਲੋੜ ਤੋਂ ਵਾਧੂ ਸਮਾਂ ਨਾ ਲਾਵੋ।

- ਇਹ ਗੱਲ ਨਾ ਭੁਲਾਵੋ ਕਿ ਅਦਾਲਤ ਵਲੋਂ ਕਿਸੇ ਇਸ਼ਤਿਹਾਰ ਨੂੰ ਗੁਮਰਾਹ ਕਰਨ ਵਾਲਾ ਇਸ਼ਤਿਹਾਰ ਸਾਬਤ ਕਰਨ ਲਈ ਜ਼ਰੂਰੀ ਨਹੀਂ ਕਿ ਕੋਈ ਉਹਦੇ ਨਾਲ ਗੁਮਰਾਹ ਹੋਇਆ ਹੋਵੇ।

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜ਼ਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜ਼ਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।